Ontario

ਵਿੱਤ ਮੰਤਰਾਲਾ

# ਨਿਊਜ਼ ਰਿਲੀਜ਼ 2016 ਓਨਟਾਰੀਓ ਬਜਟ

## ਓਨਟਾਰੀਓ ਦੇ ਨਿਵੇਸ਼ ਵਰਤਮਾਨ ਅਤੇ ਭਵਿੱਖ ਲਈ ਰੁਜ਼ਗਾਰਾਂ ਦੀ ਸਿਰਜਣਾ ਕਰ ਰਹੇ ਹਨ

## ਸਰਕਾਰ ਅਰਥ ਵਿਵਸਥਾ ਦੇ ਵਾਧੇ, ਰੁਜ਼ਗਾਰ ਦੀ ਸਿਰਜਣਾ ਅਤੇ 2017-18 ਵਿੱਚ ਬਜਟ ਨੂੰ ਸੰਤੁਲਤ ਕਰਨ ਦੀ ਯੋਜਨਾ ਜਾਰੀ ਰੱਖੇਗੀ

ਸਮਾਚਾਰ

25 ਫਰਵਰੀ 2016

ਵਿੱਤ ਮੰਤਰੀ Charles Sousa ਨੇ ਅੱਜ *2016 ਓਨਟਾਰੀਓ ਦਾ ਬਜਟ: ਅੱਜ ਅਤੇ ਕੱਲ੍ਹ ਲਈ ਰੁਜ਼ਗਾਰ* ਨੂੰ ਰਿਲੀਜ਼ ਕੀਤਾ ਜਿਸ ਵਿਚ ਨੌਕਰੀਆਂ ਪੈਦਾ ਕਰਨ ਅਤੇ ਆਰਥਿਕ ਵਾਧੇ ਦੀ ਸਰਕਾਰ ਦੀ ਯੋਜਨਾ ਦੇ ਅਗਲੇ ਪੜਾਅ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ਜੂਨ 2009 ਦੀ ਆਰਥਿਕ ਮੰਦੀ ਦੇ ਸਮੇਂ ਤੋਂ ਹੁਣ ਤਕ 600,000 ਤੋਂ ਵੱਧ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ। ਪੂਰਵਾਨੁਮਾਨ ਦੇ ਮੁਤਾਬਕ 2019 ਦੇ ਅੰਤ ਤਕ ਓਨਟਾਰੀਓ ਵਿਚ 300,000 ਤੋਂ ਵੱਧ ਹੋਰ ਨੌਕਰੀਆਂ ਪੈਦਾ ਹੋਣਗੀਆਂ ਜਿਸ ਨਾਲ 10 ਸਾਲ ਦੇ ਅਰਸੇ ਵਿੱਚ ਨਵੀਂਆਂ ਨੌਕਰੀਆਂ ਦੀ ਕੁੱਲ ਸੰਖਿਆ 900,000 ਤੋਂ ਵੱਧ ਹੋ ਜਾਏਗੀ। ਵਿੱਤ ਮੰਤਰਾਲੇ ਦਾ ਪੂਰਵਾਨੁਮਾਨ ਹੈ ਕਿ ਅਸਲੀ GDP ਦਾ ਵਾਧਾ 2015 ਵਿੱਚ 2.5 ਪ੍ਰਤਿਸ਼ਤ ਅਤੇ 2016 ਵਿੱਚ 2.2 ਪ੍ਰਤੀਸ਼ਤ ਹੋਵੇਗਾ। ਇਸ ਸਮੇਂ ਓਨਟਾਰੀਓ ਦਾ ਆਰਥਿਕ ਵਾਧਾ ਕੌਮੀ ਪੱਧਰ ਤੇ ਵਾਧੇ ਨਾਲੋਂ ਜ਼ਿਆਦਾ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਅਗਲੇ ਦੋ ਸਾਲਾਂ ਦੌਰਾਨ ਓਨਟਾਰੀਓ ਕੈਨੇਡਾ ਵਿੱਚ ਸਭ ਤੋਂ ਮਜ਼ਬੂਤ ਸਥਿਤੀ ਵਾਲੇ ਸੂਬਿਆਂ ਵਿਚੋਂ ਇੱਕ ਬਣਿਆ ਰਹੇਗਾ।

ਓਨਟਾਰੀਓ ਵਾਸੀਆਂ ਨੂੰ ਦੇਸ਼ ਦੀ ਆਰਥਿਕ ਸਥਿਤੀ ਬਾਰੇ ਅਤੇ ਉਹਨਾਂ ਉੱਪਰ ਅਤੇ ਉਹਨਾਂ ਦੇ ਪਰਿਵਾਰਾਂ ਉੱਪਰ ਪੈਣ ਵਾਲੇ ਇਸਦੇ ਅਸਰ ਬਾਰੇ ਚਿੰਤਾ ਹੈ। ਇਹੀ ਕਾਰਨ ਹੈ ਕਿ *ਬਜਟ* ਨੂੰ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਛੇਤੀ ਪੇਸ਼ ਕੀਤਾ ਜਾ ਰਿਹਾ ਹੈ, ਤਾਂ ਜੋ ਓਨਟਾਰੀਓ ਦੇ ਪਰਿਵਾਰ ਅਤੇ ਕਾਰੋਬਾਰ ਇਹ ਦੇਖ ਸਕਣ ਕਿ ਰੁਜ਼ਗਾਰ ਦੀ ਸਿਰਜਣਾ ਅਤੇ ਅਰਥ ਵਿਵਸਥਾ ਦੇ ਵਾਧੇ ਲਈ ਸਰਕਾਰ ਦੀ ਯੋਜਨਾ ਨੇ ਕਿਵੇਂ ਕੰਮ ਕੀਤਾ ਹੈ, ਅਤੇ ਲੋਕਾਂ ਲਈ ਹੋਰ ਅਵਸਰਾਂ ਦੀ ਸਿਰਜਣਾ ਅਤੇ ਉਹਨਾਂ ਦੀ ਸੁਰੱਖਿਆ ਲਈ ਇਹ ਯੋਜਨਾ ਕਿਵੇਂ ਅੱਗੇ ਵੀ ਕੰਮ ਕਰਨਾ ਜਾਰੀ ਰੱਖੇਗੀ।

ਬੁਨਿਆਦੀ ਢਾਂਚੇ ਅਤੇ ਨਵੀਂ ਕਾਢ ਦੇ, ਤੇਜ਼ੀ ਨਾਲ ਵੱਧਣ ਵਾਲੇ, ਨਿਰਯਾਤ ਕੇਂਦਰਤ ਕਾਰੋਬਾਰਾਂ ਦੁਆਰਾ ਪ੍ਰੇਰਿਤ ਘੱਟ ਕਾਰਬਨ ਵਾਲੀ ਵਿਵਸਥਾ ਵਿਚ ਨਿਵੇਸ਼ ਕਰਕੇ ਸਰਕਾਰੀ ਯੋਜਨਾ ਅੱਜ ਵੀ ਪੂਰੇ ਓਨਟਾਰੀਓ ਦੇ ਸਮੁਦਾਵਾਂ ਵਿਚ ਚੰਗੀਆਂ ਨੌਕਰੀਆਂ ਕੱਢ ਰਹੀ ਹੈ। ਇਹ ਲੋਕਾਂ ਦੀਆਂ ਯੋਗਤਾਵਾਂ ਅਤੇ ਮਹਾਰਤਾਂ ਵਿਚ ਨਿਵੇਸ਼ ਕਰ ਰਹੀ ਹੈ, ਉੱਚੀ ਗੁਣਵੱਤਾ ਵਾਲੀ ਕਾਲਜ ਅਤੇ ਯੂਨਿਵਰਸਿਟੀ ਦੀ ਸਿੱਖਿਆ ਦਾ ਵਿਸਤਾਰ ਕਰ ਕੇ *2016 ਦਾ ਬਜਟ* ਜ਼ਿਆਦਾ ਲੋਕਾਂ ਨੂੰ ਭੱਵਿਖ ਦੀਆਂ ਨੌਕਰੀਆਂ ਪ੍ਰਾਪਤ ਕਰਨ ਅਤੇ ਪੈਦਾ ਕਰਨ ਵਿਚ ਮਦਦ ਕਰੇਗਾ। ਯੋਜਨਾ ਓਨਟਾਰੀਓ ਵਾਸੀਆਂ ਨੂੰ ਜ਼ਿਆਦਾ ਸੁਰੱਖਿਤ ਰਿਟਾਇਰਮੈਂਟ ਦੀ ਪ੍ਰਾਪਤੀ ਵਿਚ ਵੀ ਮਦਦ ਕਰੇਗੀ।

ਸਰਕਾਰ ਦੀ ਯੋਜਨਾ ਸਹੀ ਰਾਹ ਤੇ ਚਲ ਰਹੀ ਹੈ ਅਤੇ 2017-18 ਵਿਚ ਬਜਟ ਸੰਤੁਲਤ ਹੋ ਜਾਏਗਾ।

## ਲੋਕਾਂ ਦੀਆਂ ਯੋਗਤਾਵਾਂ ਅਤੇ ਮਹਾਰਤਾਂ ਵਿਚ ਨਿਵੇਸ਼

ਓਨਟਾਰੀਓ ਦੀਆਂ ਸਭ ਤੋਂ ਵੱਡੀਆਂ ਸ਼ਕਤੀਆਂ ਵਿਚੋਂ ਇੱਕ ਇਸਦੇ ਪੜ੍ਹੇ-ਲਿਖੇ ਕਰਮਚਾਰੀ ਹਨ। ਓਨਟਾਰੀਓ ਦੇ ਵਾਸੀਆਂ ਨੂੰ ਉਹਨਾਂ ਦੀ ਸਮਰੱਥਾ ਦੇ ਪੂਰੀ ਤਰ੍ਹਾਂ ਵਿਕਸਤ ਹੋਣ ਅਤੇ ਵਿਕਾਸਸ਼ੀਲ ਅਰਥ ਵਿਵਸਥਾ ਵਿਚ ਕਾਮਯਾਬ ਹੋਣ ਵਿਚ ਮਦਦ ਕਰਨ ਲਈ ਸਰਕਾਰ ਓਨਟਾਰੀਓ ਵਿਚ ਸੈਕੰਡਰੀ-ਬਾਅਦ ਵਾਲੇ ਵਿਦਿਆਰਥੀਆਂ ਨੂੰ ਮਿਲਣ ਵਾਲੀ ਸਹਾਇਤਾ ਵਿਚ ਤਬਦੀਲੀਆਂ ਲਿਆ ਰਹੀ ਹੈ ਤਾਂ ਜੋ ਇਹ ਸਹਾਇਤਾ ਪਾਰਦਰਸ਼ੀ ਹੋਵੇ, ਵੇਲੇ ਸਿਰ ਮਿਲੇ ਅਤੇ ਉਹਨਾਂ ਲੋਕਾਂ ਨੂੰ ਮਿਲੇ ਜਿਨ੍ਹਾਂ ਨੂੰ ਮਾਲੀ ਸਹਾਇਤਾ ਦੀ ਸਭ ਤੋਂ ਵੱਧ ਲੋੜ ਹੈ।

ਸਕੂਲ ਵਰ੍ਹੇ 2017-2018 ਤੋਂ ਸਰਕਾਰ ਇੱਕ ਸਰਲ, ਏਕੀਕ੍ਰਿਤ, ਸਪਸ਼ਟ ਗ੍ਰਾਂਟ - *ਓਨਟਾਰੀਓ ਸਟੂਡੈਂਟ ਗ੍ਰਾਂਟ* (Ontario Student Grant) - ਸ਼ੁਰੂ ਕਰ ਰਹੀ ਹੈ। ਇਸ ਪ੍ਰਸਤਾਵਿਤ ਵਿਵਸਥਾ ਤਹਿਤ $50,000 ਜਾਂ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ, ਮਾਲੀ ਸਹਾਇਤਾ ਦੀ ਲੋੜ ਵਾਲੇ ਵਿਦਿਆਰਥੀਆਂ ਲਈ ਔਸਤ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਮੁਫਤ ਹੋਵੇਗੀ, ਅਤੇ ਮੱਧ ਵਰਗ ਦੀ ਆਮਦਨੀ ਵਾਲੇ ਪਰਿਵਾਰਾਂ ਲਈ ਵੀ ਟਿਊਸ਼ਨ ਜ਼ਿਆਦਾ ਪੁੱਜਤ ਯੋਗ ਹੋਵੇਗੀ।

$83,000 ਜਾਂ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ 50 ਪ੍ਰਤਿਸ਼ਤ ਤੋਂ ਵੱਧ ਵਿਦਿਆਰਥੀਆਂ ਨੂੰ ਔਸਤ ਟਿਊਸ਼ਨ ਤੋਂ ਫਾਲਤੂ ਵਾਲੀ ਰਕਮ ਦੀਆਂ ਵਾਪਸ ਨਾ ਕਰਨ ਵਾਲੀਆਂ ਗ੍ਰਾਂਟਾਂ ਦਿੱਤੀਆਂ ਜਾਣਗੀਆਂ, ਅਤੇ OSG ਦੇ ਰਾਹੀਂ ਓਨਟਾਰੀਓ ਦੇ ਕਿਸੇ ਵੀ ਵਿਦਿਆਰਥੀ ਨੂੰ ਉਸ ਰਕਮ ਨਾਲੋਂ ਘੱਟ ਰਕਮ ਨਹੀਂ ਮਿਲੇਗੀ ਜਿਸਦੇ ਲਈ ਉਹ ਵਰਤਮਾਨ ਵਿਚ *ਓਨਟਾਰੀਓ ਟਿਊਸ਼ਨ ਗ੍ਰਾਂਟ* (Ontario Tuition Grant) ਦੇ ਰਾਹੀਂ ਯੋਗ ਹਨ।

$50,000 ਤੋਂ ਘੱਟ ਸਾਲਾਨਾ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ ਵਿਦਿਆਰਥੀਆਂ ਦਾ ਕੋਈ ਸੂਬਾਈ ਵਿਦਿਆਰਥੀ ਰਿਣ (provincial student debt) ਨਹੀਂ ਹੋਵੇਗਾ। ਪ੍ਰੌੜ ਅਤੇ ਸ਼ਾਦੀਸ਼ੁਦਾ ਵਿਦਿਆਰਥੀਆਂ ਲਈ ਵੀ ਸਰਕਾਰ ਮਾਲੀ ਸਹਾਇਤਾ ਦਾ ਵਿਸਤਾਰ ਕਰੇਗੀ ਅਤੇ ਮੱਧ ਅਤੇ ਉੱਚ ਆਮਦਨੀ ਵਾਲੇ ਪਰਿਵਾਰਾਂ ਲਈ ਵੀ ਬਿਨਾ-ਵਿਆਜ ਜਾਂ ਘੱਟ ਖਰਚੇ ਵਾਲੇ ਰਿਣਾਂ ਦੀ ਉਪਲਬਧਤਾ ਵਧਾਈ ਜਾਏਗੀ ਜਿਸਦੇ ਲਈ ਉਸ ਯੋਗਦਾਨ ਨੂੰ ਘੱਟ ਕੀਤਾ ਜਾਏਗਾ ਜਿਸਦੀ ਆਸ ਮਾਪਿਆਂ ਤੋਂ ਕੀਤੀ ਜਾਂਦੀ ਹੈ।

ਜ਼ਿਆਦਾਤਰ ਵਿਦਿਆਰਥੀਆਂ ਦਾ ਰਿਣ ਮੌਜੂਦਾ ਰਿਣ ਨਾਲੋਂ ਘੱਟ ਹੋਵੇਗਾ ਅਤੇ ਉੱਚੀ ਆਮਦਨੀ ਵਾਲੇ ਪਰਿਵਾਰਾਂ ਲਈ *ਓਨਟਾਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ* (Ontario Student Assistance Program) ਦੇ ਤਹਿਤ ਵੱਧ ਤੋਂ ਵੱਧ ਸਾਲਾਨਾ ਰਿਣ ਦੀ ਸੀਮਾ $10,000 ਹੋਵੇਗੀ। ਜਿਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਵਿਦਿਆਰਥੀ ਰਿਣਾਂ ਦਾ ਭੁਗਤਾਨ ਕਰਨ ਵਿਚ ਕਠਨਾਈ ਹੋਵੇਗੀ ਓਨਟਾਰੀਓ ਉਹਨਾਂ ਨੂੰ ਮਾਲੀ ਸਹਾਇਤਾ ਦੀ ਪੇਸ਼ਕਸ਼ ਕਰਨਾ ਜਾਰੀ ਰੱਖੇਗਾ।

## ਓਨਟਾਰੀਓ ਦੇ ਇਤਿਹਾਸ ਵਿਚ ਸਭ ਤੋਂ ਵੱਡੇ ਨਿਵੇਸ਼ਾਂ ਨਾਲ ਬੁਨਿਆਦੀ ਢਾਂਚੇ ਦੀ ਉਸਾਰੀ

ਓਨਟਾਰੀਓ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਬਣਾਉਣ ਅਤੇ ਵਰਤਮਾਨ ਅਤੇ ਭਵਿੱਖ ਲਈ ਰੁਜ਼ਗਾਰ ਪੈਦਾ ਕਰਨ ਲਈ ਬੁਨਿਆਦੀ ਢਾਂਚੇ ਦੀ ਉਸਾਰੀ ਕਰਨਾ ਅਤੇ ਉਸਨੂੰ ਫੇਰ ਤੋਂ ਸ਼ਕਤੀਸ਼ਾਲੀ ਬਣਾਉਣਾ ਬਹੁਤ ਜ਼ਰੂਰੀ ਹੈ। ਇਸ *ਬਜਟ* ਵਿਚ ਸਰਕਾਰ ਅਗਲੇ 10 ਸਾਲਾਂ ਵਿਚ $137 ਬਿਲੀਅਨ ਤੋਂ ਵੱਧ ਦਾ ਨਿਵੇਸ਼ ਸੜਕਾਂ, ਪੁਲਾਂ, ਪਬਲਿਕ ਟ੍ਰਾਂਜ਼ਿਟ. ਹਸਪਤਾਲਾਂ ਅਤੇ ਸਕੂਲਾਂ ਵਿਚ ਕਰ ਰਹੀ ਹੈ। ਇਸਦਾ ਮਤਲਬ ਹੈ ਕਿ 2014-15 ਤੋਂ ਸ਼ੁਰੂ ਕਰਦੇ ਹੋਏ 12 ਸਾਲਾਂ ਵਿਚ ਨਿਵੇਸ਼ $160 ਬਿਲੀਅਨ ਹੋਵੇਗਾ, ਜੋ ਕਿ ਓਨਟਾਰੀਓ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਨਿਵੇਸ਼ ਹੈ। ਇਹਨਾਂ ਪ੍ਰਸਤਾਵਿਤ ਨਿਵੇਸ਼ਾਂ ਨਾਲ ਹਰ ਸਾਲ ਔਸਤਨ 110,000 ਨੌਕਰੀਆਂ ਨੂੰ ਸਮਰਥਨ ਮਿਲੇਗਾ।

ਸੂਬਾ ਆਪਣੀ ਰਾਹ ਤੇ ਚਲ ਰਿਹਾ ਹੈ ਅਤੇ ਸਰਕਾਰੀ ਸੰਪੱਤੀ ਦੇ ਮੁੱਲ ਨੂੰ ਸਮੇਂ ਦੇ ਨਾਲ ਨਾਲ ਵੱਧ ਤੋਂ ਵੱਧ ਵਧਾਉਂਦੇ ਹੋਏ ਇਸ ਨੇ $5.7 ਬਿਲੀਅਨ ਦੀ ਸਿਰਜਣਾ ਕੀਤੀ ਹੈ ਜੋ *2014 ਬਜਟ* ਦੇ ਮੂਲ ਪੂਰਵਾਨੁਮਾਨਾਂ ਤੋਂ $2.6 ਬਿਲੀਅਨ ਜ਼ਿਆਦਾ ਹੈ। ਉਚਿਤ ਸੰਪੱਤੀ ਦੀ ਵਿਕਰੀ ਤੋਂ ਹੋਏ ਨੈੱਟ ਮਾਲੀਆ ਲਾਭ ਨੂੰ *ਟ੍ਰਿਲੀਅਮ ਟ੍ਰਸਟ* (Trillium Trust) ਨੂੰ ਸਮਰਪਿਤ ਕਰਕੇ ਪਬਲਿਕ ਟ੍ਰਾਂਜ਼ਿਟ, ਟ੍ਰਾਂਸਪੋਰਟੇਸ਼ਨ ਅਤੇ ਦੂਜੇ ਜ਼ਰੂਰੀ ਬੁਨਿਆਦੀ ਢਾਂਚੇ ਦੀ ਫੰਡਿੰਗ ਵਿਚ ਮਦਦ ਕੀਤੀ ਜਾਏਗੀ।

## ਜ਼ਿਆਦਾ ਗਤੀਸ਼ੀਲ ਅਤੇ ਨਵੀਂ ਕਾਢ ਦੇ ਕਾਰੋਬਾਰੀ ਵਾਤਾਵਰਨ ਨੂੰ ਵਧਾਵਾ

ਅਰਥ ਵਿਵਸਥਾ ਦੇ ਵਾਧੇ ਅਤੇ ਰੁਜ਼ਗਾਰ ਦੀ ਸਿਰਜਣਾ ਲਈ ਓਨਟਾਰੀਓ ਸਰਕਾਰ ਦੀ ਯੋਜਨਾ ਨੇ ਕਾਰੋਬਾਰੀ ਖਰਚੇ ਘੱਟ ਕਰਨਾ, ਮਹੱਤਵਪੂਰਨ ਭਾਈਵਾਲੀਆਂ ਰਾਹੀਂ ਨਿਵੇਸ਼ ਵਿਚ ਫੇਰ-ਬਦਲ ਕਰਨਾ. ਕਾਰੋਬਾਰਾਂ ਨੂੰ ਵਿਸ਼ਵ ਦੇ ਪੱਧਰ ਤੇ ਕੰਮ ਸ਼ੁਰੂ ਕਰਨ ਵਿਚ ਮਦਦ ਕਰਨਾ ਅਤੇ ਵਿੱਤੀ ਸੇਵਾਵਾਂ ਸੈਕਟਰ ਨੂੰ ਮਜ਼ਬੂਤ ਬਣਾਉਣਾ ਜਾਰੀ ਰੱਖਿਆ ਹੈ। ਨਾਲ ਹੀ, ਸਰਕਾਰ ਇੱਕ ਆਰਥਿਕ ਸਾਂਝ ਦੀ ਰਣਨੀਤੀ (sharing economy strategy) ਤਿਆਰ ਕਰ ਰਹੀ ਹੈ ਅਤੇ ਸੂਬੇ ਦੀ ਸਮਾਜਕ ਉੱਦਮ ਰਣਨੀਤੀ (social enterprise strategy) ਦਾ ਨਵੀਨੀਕਰਨ ਕਰ ਰਹੀ ਹੈ।

ਵਿਸ਼ਵ ਅਰਥ ਵਿਵਸਥਾ ਕਾਰਬਨ ਦਾ ਮੁੱਲ ਤੈਅ ਕਰਨ ਵਲ ਜਾ ਰਹੀ ਹੈ। *2016 ਦਾ ਬਜਟ* 2017 ਵਿਚ ਕਾਰਬਨ ਦੀਆਂ ਛੋਟਾਂ (carbon allowances) ਦੀ ਨੀਲਾਮੀ ਲਈ ਤਿਆਰੀ ਕਰਦਾ ਹੈ। ਇਸ ਲਈ, ਗ੍ਰੀਨਹਾਉਸ ਗੈਸ (GHG) ਨੂੰ ਘੱਟ ਕਰਨ ਦੇ ਟੀਚਿਆਂ ਨੂੰ ਪੂਰਾ ਕਰਨ, ਨਵੀਂ ਕਾਢ ਦੀਆਂ ਕੰਪਨੀਆਂ ਦਾ ਹੌਂਸਲਾ ਵਧਾਉਣ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਘੱਟ ਕਾਰਬਨ ਵਾਲੀ ਅਰਥ ਵਿਵਸਥਾ ਵਿਚ ਜਾਣ 'ਤੇ ਕੰਪਨੀਆਂ ਪ੍ਰਫੁੱਲਤ ਹੋਣ, ਓਨਟਾਰੀਓ ਦੀ

ਸਰਕਾਰ ਇੱਕ *ਸੀਮਾ ਅਤੇ ਵਟਾਂਦਰਾ ਪ੍ਰੋਗਰਾਮ* (Cap and Trade Program) ਦਾ ਸੁਝਾਅ ਦੇ ਰਹੀ ਹੈ। *ਸੀਮਾ ਅਤੇ ਵਟਾਂਦਰਾ* ਪ੍ਰੋਗਰਾਮ ਰਾਹੀਂ ਇਕੱਠੀ ਹੋਈ ਸਾਰੀ ਰਕਮ, 2017 ਲਈ ਜਿਸਦਾ ਅਨੁਮਾਨ $1.9 ਬਿਲੀਅਨ ਲਗਾਇਆ ਗਿਆ ਹੈ, ਦਾ ਨਿਵੇਸ਼ ਗ੍ਰੀਨ ਪ੍ਰੋਜੈਕਟਾਂ ਵਿਚ ਕੀਤਾ ਜਾਵੇਗਾ।

ਸਰਕਾਰ ਆਪਣੀ *ਕਾਰੋਬਾਰ ਵਾਧਾ ਪਹਿਲ* (Business Growth Initiative) ਵੀ ਜਾਰੀ ਰੱਖ ਰਹੀ ਹੈ ਜੋ ਇੱਕ ਪੰਜ-ਸਾਲਾ, $400 ਮਿਲੀਅਨ ਨਿਵੇਸ਼ ਵਾਲੀ ਰਣਨੀਤੀ ਹੈ ਅਤੇ ਜਿਸਦਾ ਉਦੇਸ਼ ਉੱਚ ਵਾਧੇ ਅਤੇ ਨਵੀਂ ਕਾਢ ਵਾਲੀ ਅਰਥ ਵਿਵਸਥਾ ਵਲ ਜਾਣ ਦੀ ਰਫਤਾਰ ਨੂੰ ਵਧਾਉਣਾ ਅਤੇ ਕਾਰੋਬਾਰਾਂ ਨੂੰ ਉੱਪਰ ਚੜ੍ਹਨ ਵਿਚ ਮਦਦ ਕਰਨਾ ਹੈ। ਇਹ ਪਹਿਲ ਸੂਬੇ ਵਿਚ ਨਿਯੰਤ੍ਰਣ ਵਿਵਸਥਾ ਨੂੰ ਵੀ ਆਧੁਨਿਕ ਬਣਾਏਗੀ ਅਤੇ ਕਾਰੋਬਾਰ ਕਰਨ ਦੇ ਖਰਚੇ ਘੱਟ ਕਰੇਗੀ।

## ਰਿਟਾਇਰਮੈਂਟ ਬਾਅਦ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ

ਰਿਟਾਇਰਮੈਂਟ ਸਮੇਂ ਬੱਚਤਾਂ ਦੀ ਵਿੱਥ ਨੂੰ ਘੱਟ ਕਰਨ ਲਈ ਸਰਕਾਰ *ਓਨਟਾਰੀਓ ਰਿਟਾਇਰਮੈਂਟ ਪੈਨਸ਼ਨ ਯੋਜਨਾ* (Ontario Retirement Pension Plan) (ORPP) ਲਾਗੂ ਕਰ ਰਹੀ ਹੈ ਜਿਸ ਨਾਲ ਕੰਮ ਕਰਨ ਵਾਲੇ ਓਨਟਾਰੀਓ ਵਾਸੀਆਂ ਨੂੰ ਆਪਣੀ ਰਿਟਾਇਰਮੈਂਟ ਲਈ ਬਚਤ ਕਰਨ ਵਿਚ ਮਦਦ ਮਿਲੇਗੀ। ਸਰਕਾਰ ਦਾ ਟੀਚਾ ਇਹ ਸੁਨਿਸ਼ਚਿਤ ਕਰਨਾ ਹੈ ਕਿ ਓਨਟਾਰੀਓ ਦੇ ਸਾਰੇ ਯੋਗ ਵਰਕਰ ORPP ਜਾਂ ਉਸਦੇ ਮੁਕਾਬਲੇ ਦੀ ਕਿਸੇ ਕਾਰਜ ਸਥਾਨ ਯੋਜਨਾ ਨਾਲ ਕਵਰ ਹੋਣ ਅਤੇ ਇਸ ਦਿਸ਼ਾ ਵਿਚ ਸਰਕਾਰ ਕਾਮਯਾਬੀ ਨਾਲ ਕੰਮ ਕਰ ਰਹੀ ਹੈ। ਇਸ ਕੰਮ ਨੂੰ ਕਾਮਯਾਬੀ ਅਤੇ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ *ORPP ਪ੍ਰਬੰਧਨ ਕਾਰਪੋਰੇਸ਼ਨ* (ORPP Administration Corporation) 2017 ਵਿਚ ਰੁਜ਼ਗਾਰਦਾਤਾ ਜਾਂਚ ਅਤੇ ਨਾਮਾਂਕਨ ਪ੍ਰਕਿਰਿਆ ਸ਼ੁਰੂ ਕਰੇਗੀ ਅਤੇ 2018 ਵਿਚ ਰੁਜ਼ਗਾਰਦਾਤਾ ਅਤੇ ਕਰਮਚਾਰੀ ਕੋਲੋਂ ਉਗਰਾਹੀ ਸ਼ੁਰੂ ਹੋ ਜਾਏਗੀ।

ਇਸਦੇ ਨਾਲ ਨਾਲ, ਓਨਟਾਰੀਓ ਕੋਈ ਅਜਿਹਾ ਹਲ ਲਭਣ ਲਈ ਵੀ ਵਚਨਬੱਧ ਹੈ ਜਿਸ ਨਾਲ ਕੌਮੀ ਪੱਧਰ ਤੇ ਓਨਟਾਰੀਓ ਦੇ ਕਰਮਚਾਰੀਆਂ ਦੀਆਂ ਲੋੜਾਂ ਪੂਰੀਆਂ ਹੋ ਸਕਣ। ਫੈਡਰਲ ਸਰਕਾਰ, ਸੂਬਿਆਂ ਅਤੇ ਟੈਰੀਟੋਰੀਆਂ ਨਾਲ ਇਕੱਠੇ ਮਿਲ ਕੇ ਓਨਟਾਰੀਓ ਸਰਕਾਰ ਕੈਨੇਡਾ ਪੈਨਸ਼ਨ ਯੋਜਨਾ (Canada Pension Plan) (CPP) ਨੂੰ ਵਧਾਉਣ ਦੇ ਮਾਮਲੇ ਵਿਚ ਪਰਗਤੀ ਸੁਨਿਸ਼ਚਿਤ ਕਰੇਗੀ ਤਾਂ ਜੋ ਭਵਿੱਖ ਵਿਚ ਰਿਟਾਇਰ ਹੋਣ ਵਾਲੇ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ। ਮੁੱਖ ਉਦੇਸ਼ CPP ਦੇ ਵੱਧੇ ਹੋਏ ਢਾਂਚੇ ਵਿਚ ORPP ਦੇ ਟੀਚਿਆਂ ਦੀ ਪੂਰਤੀ ਕਰਨ ਦੇ ਤਰੀਕਿਆਂ ਦੀ ਖੋਜ ਕਰਨਾ ਹੈ ਪਰ ਅਜਿਹਾ ਸੰਭਵ ਨਾ ਹੋ ਸਕਣ ਦੀ ਹਾਲਤ ਵਿਚ ORPP ਨੂੰ ਲਾਗੂ ਕਰਨ ਦੀ ਯੋਗਤਾ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

## ਨਿਆਂਪੂਰਨ ਸਮਾਜ ਦੀ ਉਸਾਰੀ

ਸੂਬਾ ਲੋਕਾਂ ਨੂੰ ਲੋੜੀਂਦੇ ਅਵਸਰ ਅਤੇ ਸਹਾਇਤਾ ਦੇ ਰਿਹਾ ਹੈ ਤਾਂ ਜੋ ਉਹ ਆਪਣੀਆਂ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਵਿਕਸਤ ਕਰ ਸਕਣ।

ਸਰਕਾਰ ਸੇਵਾਵਾਂ ਵਿਚ ਤਬਦੀਲੀਆਂ ਕਰਨ ਲਈ ਵਚਨਬੱਧ ਹੈ ਤਾਂ ਜੋ ਵਿਕਾਸ ਨਾਲ ਜੁੜੀਆਂ ਅਸਮਰੱਥਾਵਾਂ ਵਾਲੇ ਲੋਕ ਜ਼ਿਆਦਾ ਆਤਮਨਿਰਭਰ ਹੋ ਸਕਣ। ਸਰਕਾਰ ਪੁੱਜਤ ਯੋਗ ਹਾਉਸਿੰਗ ਬਾਰੇ ਲੰਮੇ ਅਰਸੇ ਦੀ ਰਣਨੀਤੀ (Long-Term Affordable Housing Strategy) ਨੂੰ ਵੀ ਅਪਡੇਟ ਕਰ ਰਹੀ ਹੈ ਤਾਂ ਜੋ ਓਨਟਾਰੀਓ ਦੀ ਹਾਉਸਿੰਗ ਅਤੇ ਬੇਘਰੀ ਵਾਲੀ ਵਿਵਸਥਾ ਨੂੰ ਤਬਦੀਲ ਕਰਨਾ ਜਾਰੀ ਰੱਖਿਆ ਜਾ ਸਕੇ ਅਤੇ ਵਿਅਕਤੀ ਦੀਆਂ ਰਿਹਾਇਸ਼ ਸਬੰਧੀ ਬਦਲਦੀਆਂ ਲੋੜਾਂ ਦੇ ਮੁਤਾਬਕ ਬਦਲਣਹਾਰ ਅਤੇ ਹਲਕੇ ਲਾਭਾਂ ਉੱਪਰ ਧਿਆਨ ਕੇਂਦਰਤ ਕੀਤਾ ਜਾ ਸਕੇ।

ਵਿਸ਼ੇਸ਼ ਅਤੇ ਪੇਚੀਦਾ ਲੋੜਾਂ ਵਾਲੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਘਰ ਵਿਚ, ਸਕੂਲ ਵਿਚ, ਸਮੁਦਾਅ ਵਿਚ ਅਤੇ ਬਾਲਗ ਹੁੰਦੇ ਸਮੇਂ ਵੇਲੇ ਸਿਰ ਅਸਰਦਾਰ ਸੇਵਾਵਾਂ ਪ੍ਰਾਪਤ ਕਰਨ ਵਿਚ ਮਦਦ ਲਈ ਓਨਟਾਰੀਓ ਆਪਣੀ *ਵਿਸ਼ੇਸ਼ ਲੋੜਾਂ ਸਬੰਧੀ ਰਣਨੀਤੀ* (Special Needs Strategy) ਉੱਪਰ ਕੰਮ ਜਾਰੀ ਰੱਖ ਰਹੀ ਹੈ। ਆਟਿਜ਼ਮ ਸੇਵਾਵਾਂ ਨੂੰ ਫੇਰ ਤੋਂ ਡਿਜ਼ਾਇਨ ਕਰਨ ਅਤੇ ਸੁਧਾਰਣ ਲਈ ਓਨਟਾਰੀਓ ਪੰਜ ਸਾਲਾਂ ਵਿਚ $333 ਮਿਲੀਅਨ ਦਾ ਨਿਵੇਸ਼ ਵੀ ਕਰ ਰਿਹਾ ਹੈ।

2016 ਵਿਚ ਸਰਕਾਰ ਸਮਾਜਕ ਸਹਾਇਤਾ ਵਿਚ ਆਪਣੇ ਪਿਛਲੇ ਨਿਵੇਸ਼ਾਂ ਦੀ ਅੱਗੇ ਉਸਾਰੀ ਕਰੇਗੀ ਅਤੇ *ਓਨਟਾਰੀਓ ਵਰਕਸ* (Ontario Works) ਪ੍ਰਾਪਤ ਕਰਨ ਵਾਲੇ ਬਾਲਗਾਂ ਅਤੇ *ਓਨਟਾਰੀਓ ਅਸਮਰੱਥਾ ਸਹਾਇਤਾ ਪ੍ਰੋਗਰਾਮ* (Ontario Disability Support Program) ਦੇ ਉੱਪਰ ਨਿਰਭਰ ਅਸਮਰੱਥਾ ਪੀੜਤ ਲੋਕਾਂ ਲਈ ਦਰਾਂ 1.5 ਪ੍ਰਤਿਸ਼ਤ ਵਧਾਏਗੀ। ਇਸਦੇ ਇਲਾਵਾ ਸੂਬਾ ਸਮਾਜਕ ਸਹਾਇਤਾ ਦੀਆਂ ਸਭ ਤੋਂ ਘੱਟ ਦਰਾਂ ਵਾਲੇ ਲੋਕਾਂ - *ਓਨਟਾਰੀਓ ਵਰਕਸ* (Ontario Works) ਪ੍ਰਾਪਤ ਕਰਨ ਵਾਲੇ ਬਿਨਾਂ ਬੱਚਿਆਂ ਵਾਲੇ ਇਕੱਲ੍ਹੇ ਲੋਕਾਂ — ਨੂੰ ਹੋਰ ਟਾਪ-ਅਪ ਵੀ ਦੇਵੇਗਾ ਜਿਸ ਨਾਲ ਉਹਨਾਂ ਲਈ ਕੁੱਲ ਵਾਧਾ $25 ਪ੍ਰਤੀ ਮਹੀਨਾ ਹੋ ਜਾਵੇਗਾ ਜੋ 2012 ਵਿਚ ਮਿਲਣ ਵਾਲੀ ਸਹਾਇਤਾ ਨਾਲੋਂ $100 ਪ੍ਰਤੀ ਮਹੀਨਾ ਜ਼ਿਆਦਾ ਹੈ।

ਅਜਿਹੀਆਂ ਪਹਿਲਾਂ, ਜਿਵੇਂ *ਵਾਕਿੰਗ ਟੁਗੈਦਰ* (Walking Together): *ਸਵਦੇਸ਼ੀ ਔਰਤਾਂ ਵਿਰੁੱਧ ਹਿੰਸਾ ਖਤਮ ਕਰਨ ਲਈ ਲੰਮੇ ਅਰਸੇ ਦੀ ਰਣਨੀਤੀ (* A Long-Term Strategy to End Violence Against Indigenous Women) ਰਾਹੀਂ ਅਤੇ *ਕੈਨੇਡਾ ਦੇ ਸੱਚਾਈ ਅਤੇ ਇਕਸੁਰਤਾ ਕਮੀਸ਼ਨ* (Truth and Reconciliation Commission of Canada) ਦੀਆਂ ਸਿਫਾਰਸ਼ਾਂ ਉੱਪਰ ਕਾਰਵਾਈ ਕਰਦੇ ਹੋਏ, ਸਰਕਾਰ ਸਵਦੇਸ਼ੀ ਲੋਕਾਂ ਲਈ ਸਮਾਜਕ ਹਾਲਾਤ ਅਤੇ ਵਿੱਤੀ ਮੌਕਿਆਂ ਵਿਚ ਸੁਧਾਰ ਲਿਆ ਰਹੀ ਹੈ।

ਸਰਕਾਰ ਓਨਟਾਰੀਓ ਦੀ ਯੂਨੀਵਰਸਲ ਸਿਹਤ ਦੇਖਭਾਲ ਵਿਵਸਥਾ ਨੂੰ ਵੀ ਲਗਾਤਾਰ ਤਬਦੀਲ ਕਰ ਰਹੀ ਹੈ ਤਾਂ ਜੋ ਓਨਟਾਰੀਓ ਵਾਸੀਆਂ ਨੂੰ, ਵਰਤਮਾਨ ਵਿਚ ਅਤੇ ਭਵਿੱਖ ਵਿਚ, ਸਹੀ ਦੇਖਭਾਲ ਜ਼ਿਆਦਾ ਛੇਤੀ ਉਪਲਬਧ ਹੋਵੇ। ਵਿਸ਼ੇਸ਼ ਅੰਸ਼ਾਂ ਵਿਚ ਸ਼ਾਮਲ ਹਨ: ਹਸਪਤਾਲਾਂ ਲਈ ਫੰਡਿੰਗ ਵਿਚ $345 ਮਿਲੀਅਨ ਦਾ ਵਾਧਾ; ਮੁੱਖ ਸੇਵਾਵਾਂ ਲਈ ਇੰਤਜ਼ਾਰ ਦੇ ਅਰਸੇ ਨੂੰ ਘੱਟ ਕਰਨਾ; ਜ਼ਿਆਦਾ ਏਕੀਕ੍ਰਿਤ, ਟੀਮ-ਅਧਾਰਤ ਦੇਖਭਾਲ ਦੀ ਸਿਰਜਨਾ ਕਰਨਾ; ਘਰ ਅਤੇ ਕਮਿਊਨਿਟੀ ਦੇ ਅੰਦਰ ਜ਼ਿਆਦਾ ਦੇਖਭਾਲ ਉਪਲਬਧ ਕਰਾਉਣਾ; ਚਮੜੀ ਦੇ ਰੋਗ ਸ਼ਿੰਗਲਜ਼ ਲਈ ਟੀਕੇ ਨੂੰ 65 ਤੋਂ 70 ਸਾਲ ਦੀ ਉਮਰ ਵਾਲੇ ਬਜ਼ੁਰਗਾਂ ਲਈ ਮੁਫਤ ਕਰਨ ਦਾ ਪ੍ਰਸਤਾਵ, ਜਿਸ ਨਾਲ ਉਹਨਾਂ ਦੀ ਜੇਬ ਵਿਚੋਂ ਖਰਚ ਹੋਣ ਵਾਲੇ ਪੈਸਿਆਂ 'ਚੋਂ ਤਕਰੀਬਨ $170 ਦੀ ਬੱਚਤ ਹੋਵੇਗੀ; ਅਤੇ ਕਮਿਊਨਿਟੀ-ਅਧਾਰਤ ਰਿਹਾਇਸ਼ੀ ਆਸ਼ਰਮਾਂ (hospices) ਅਤੇ ਦਰਦਨਾਸ਼ਕ ਦੇਖਭਾਲ (palliative care) ਲਈ $75 ਮਿਲੀਅਨ ਦਾ ਹੋਰ ਵਾਧਾ ਤਾਂ ਜੋ ਤਿੰਨ ਸਾਲਾਂ ਵਿਚ ਕੁਲ ਨਿਵੇਸ਼ ਤਕਰੀਬਨ $155 ਮਿਲੀਅਨ ਹੋਵੇਗਾ।

## ਰੋਜ਼ਾਨਾ ਜੀਵਨ ਜ਼ਿਆਦਾ ਆਸਾਨ ਬਣਾਉਣਾ

ਓਨਟਾਰੀਓ ਵਾਸੀਆਂ ਦੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣ ਲਈ ਸਰਕਾਰ ਕਈ ਕਦਮ ਚੁੱਕ ਰਹੀ ਹੈ। ਇਹਨਾਂ ਵਿਚ ਹਸਪਤਾਲਾਂ ਦੀ ਅਕਸਰ ਵਰਤੋਂ ਕਰਨ ਵਾਲੇ ਲੋਕਾਂ ਲਈ ਪਾਰਕਿੰਗ ਫੀਸ ਘੱਟ ਕਰਨਾ. ਡ੍ਰਾਈਵ ਕਲੀਨ ਫੀਸ ਖਤਮ ਕਰਨਾ, ਬਿਜਲੀ ਅਤੇ ਐਨਰਜੀ ਦੇ ਖਰਚੇ ਨੂੰ ਘੱਟ ਕਰਨ ਵਿਚ ਮਦਦ ਕਰਨਾ, ਆਟੋ ਬੀਮਾ ਦਰਾਂ ਘੱਟ ਕਰਨਾ ਅਤੇ ਜਨਤਕ ਸੇਵਾਵਾਂ ਪ੍ਰਦਾਨ ਕਰਨਾ ਜ਼ਿਆਦਾ ਆਸਾਨ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨਾ ਸ਼ਾਮਿਲ ਹੈ।

ਕਿਰਾਨਾ ਸਟੋਰਾਂ ਨੂੰ ਬੀਅਰ ਦੀ ਵਿਕਰੀ ਦੀ ਇਜਾਜ਼ਤ ਦੇ ਕੇ ਸਰਕਾਰ ਨੇ ਓਨਟਾਰੀਓ ਵਾਸੀਆਂ ਲਈ ਚੋਣ ਅਤੇ ਸੁਵਿਧਾ ਨੂੰ ਵਧਾਇਆ ਹੈ ਅਤੇ ਹੁਣ ਵਾਈਨ ਦੀ ਵਿਕਰੀ ਨੂੰ ਵੀ ਵਿਸਤਰਤ ਕੀਤਾ ਜਾ ਰਿਹਾ ਹੈ। 2016 ਦੇ ਪਤਝੜ ਤਕ ਓਨਟਾਰੀਓ ਦੇ 70 ਤਕ ਕਿਰਾਨਾ ਸਟੋਰਾਂ ਨੂੰ ਵਾਈਨ, ਬੀਅਰ ਅਤੇ ਸਾਈਡਰ ਵੇਚਣ ਦੀ ਇਜਾਜ਼ਤ ਦੇ ਦਿੱਤੀ ਜਾਏਗੀ। ਆਖਰਕਾਰ 300 ਤਕ ਕਿਰਾਨਾ ਸਟੋਰਾ ਵਿਚ ਵਾਈਨ ਉਪਲਬਧ ਹੋਵੇਗੀ।

## ਮਜ਼ਬੂਤ ਮਾਲੀ ਪ੍ਰਬੰਧਨ

ਸਰਕਾਰ ਅਰਥ ਵਿਵਸਥਾ ਵਿਚ, ਲੋਕਾਂ ਵਿਚ ਅਤੇ ਸਿਹਤਮੰਦ, ਸਾਫ ਅਤੇ ਖੁਸ਼ਹਾਲ, ਘੱਟ ਕਾਰਬਨ ਵਾਲੇ ਭਵਿੱਖ ਵਿਚ ਨਿਵੇਸ਼ ਕਰ ਰਹੀ ਹੈ ਪਰ ਨਾਲ ਹੀ ਆਪਣੇ ਮਾਲੀ ਟੀਚੇ ਵੀ ਪ੍ਰਾਪਤ ਕਰ ਰਹੀ ਹੈ। ਇਹ ਨਿਵੇਸ਼ ਸਾਨੂੰ ਉਹਨਾਂ ਜਨਤਕ ਸੇਵਾਵਾਂ ਦੇ ਵਿਸਤਾਰ ਵਿਚ ਮਦਦ ਕਰਦੇ ਹਨ ਜਿਨ੍ਹਾਂ ਉੱਪਰ ਓਨਟਾਰੀਓ ਵਾਸੀ ਨਿਰਭਰ ਕਰਦੇ ਹਨ ਅਤੇ ਨਾਲ ਹੀ ਆਰਥਿਕ ਵਾਧੇ ਨੂੰ ਵੀ ਪ੍ਰੇਰਿਤ ਕਰਦੇ ਹਨ। ਚੰਗਾ ਰੁਜ਼ਗਾਰ ਅਤੇ ਅੱਗੇ ਵੱਧ ਰਹੀ ਅਰਥ ਵਿਵਸਥਾ ਓਨਟਾਰੀਓ ਦੇ ਪਰਿਵਾਰਾਂ ਦੀ ਮਦਦ ਕਰਨ ਅਤੇ ਸੰਤੁਲਨ ਲਈ ਮਾਲੀ ਸਿਰਜਣਾ ਅਤੇ ਲੰਮੇ ਅਰਸੇ ਦੀ ਖੁਸ਼ਹਾਲੀ ਲਈ ਸਭ ਤੋਂ ਚੰਗੇ ਤਰੀਕੇ ਹਨ।

2015-16 ਵਿਚ ਸਰਕਾਰ $5.7 ਬਿਲੀਅਨ ਘਾਟੇ ਦਾ ਅਨੁਮਾਨ ਦੇ ਰਹੀ ਹੈ ਜੋ *ਬਜਟ 2015* ਦੇ ਪੂਰਵਾਨੁਮਾਨ ਦੇ ਮੁਕਾਬਲੇ $2.8 ਬਿਲੀਅਨ ਦਾ, ਅਤੇ *2015 ਓਨਟਾਰੀਓ ਆਰਥਿਕ ਦ੍ਰਿਸ਼ ਅਤੇ ਮਾਲੀ ਸਮੀਖਿਆ* (*2015 Ontario Economic Outlook and Fiscal Review*) ਵਿਚ ਦੱਸੇ ਗਏ ਲਕਸ਼ ਦੇ ਮੁਕਾਬਲੇ $1.8 ਬਿਲੀਅਨ ਦਾ ਸੁਧਾਰ ਹੈ। ਨਾਲ ਹੀ, 2014-15 ਦੇ $10.3 ਬਿਲੀਅਨ ਦੇ ਘਾਟੇ ਦੇ ਮੁਕਾਬਲੇ ਇਹ $4.6 ਬਿਲੀਅਨ ਦਾ ਸੁਧਾਰ ਹੈ.

ਲਗਾਤਾਰ ਸਤਵੇਂ ਸਾਲ ਸਾਡਾ ਸੂਬਾ ਘਾਟੇ ਦੇ ਟੀਚੇ ਨੂੰ ਮਾਤ ਦੇ ਰਿਹਾ ਹੈ। ਮਾਲੀ ਟੀਚਿਆਂ ਨੂੰ ਮਾਤ ਦੇਣ ਦੇ ਨਤੀਜੇ ਵਜੋਂ ਕੁੱਲ ਘਾਟਾ ਉਸ ਰਕਮ ਤੋਂ $30 ਬਿਲੀਅਨ ਘੱਟ ਹੈ ਜੋ ਘਾਟਾ ਮਾਤ ਨਾ ਦੇਣ ਦੀ ਹਾਲਤ ਵਿਚ ਹੋਣਾ ਸੀ।

2016-17 ਵਿਚ ਸਰਕਾਰ ਨੇ $4.3 ਬਿਲੀਅਨ ਘਾਟਾ ਦਿਖਾਇਆ ਗਿਆ ਹੈ ਜੋ *2015 ਬਜਟ* ਦੇ ਪੂਰਵਾਨੁਮਾਨ ਦੇ ਮੁਕਾਬਲੇ $0.5 ਬਿਲੀਅਨ ਦਾ ਸੁਧਾਰ ਦਿਖਾਉਂਦਾ ਹੈ। ਸਰਕਾਰ ਦਾ ਇਹ ਵੀ ਅਨੁਮਾਨ ਹੈ ਕਿ 2017-18 ਵਿਚ ਉਹ ਸੰਤੁਲਨ ਵਲ ਵਾਪਸੀ ਦੇ ਆਪਣੇ ਵਾਅਦੇ ਨੂੰ ਪੂਰਾ ਕਰੇਗੀ। ਇਹ ਘਾਟੇ ਨੂੰ ਖਤਮ ਕਰਨ ਦੀ ਯੋਜਨਾ ਦਾ ਨਤੀਜਾ ਹੈ ਜੋ *2010 ਬਜਟ* ਵਿਚ ਪਹਿਲੀ ਵਾਰ ਦਿਖਾਇਆ ਗਿਆ ਸੀ। ਸੂਬੇ ਦੁਆਰਾ ਰਿਣ ਦੇ ਪ੍ਰਬੰਧਨ ਦੀ ਸਥਿਰਤਾ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਰਿਣ ਅਤੇ GDP ਦਾ ਅਨੁਪਾਤ ਸਭ ਤੋਂ ਵੱਧ 39.6 ਪ੍ਰਤਿਸ਼ਤ 2015–16 ਵਿਚ ਹੋਣ, 2016–17 ਵਿਚ ਸਮਤਲ ਰਹਿਣ ਅਤੇ 2017–18 ਵਿਚ ਘੱਟ ਹੋਣਾ ਸ਼ੁਰੂ ਹੋਣ ਦੀ ਆਸ ਹੈ।

ਕਿਉਂਕਿ ਅਰਥ ਵਿਵਸਥਾ ਦੀ ਲਗਾਤਾਰ ਅੱਗੇ ਵੱਧਣ ਦੀ ਆਸ ਹੈ ਅਤੇ ਸਰਕਾਰ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚ ਤਬਦੀਲੀਆਂ ਲਿਆਉਣ ਲਈ ਵਚਨਬੱਧ ਹੈ, ਓਨਟਾਰੀਓ ਦਾ ਪੂਰਵਾਨੁਮਾਨ ਹੈ ਕਿ 2018-19 ਵਿਚ ਸੂਬਾ ਸੰਤੁਲਤ ਰਹੇਗਾ।

## ਕਥਨ

"ਬੁਨਿਆਦੀ ਢਾਂਚੇ, ਅਤੇ ਨਵੀਂ ਕਾਢ ਦੇ, ਤੇਜ਼ੀ ਨਾਲ ਵੱਧਣ ਵਾਲੇ ਅਤੇ ਨਿਰਯਾਤ ਅਧਾਰਤ ਕਾਰੋਬਾਰਾਂ ਦੁਆਰਾ ਪ੍ਰੇਰਿਤ ਘੱਟ ਕਾਰਬਨ ਅਰਥ ਵਿਵਸਥਾ ਵਿਚ ਨਿਵੇਸ਼ ਕਰਕੇ ਸੂਬੇ ਦੀ ਆਰਥਿਕ ਯੋਜਨਾ ਵਰਤਮਾਨ ਵਿਚ ਪੂਰੇ ਓਨਟਾਰੀਓ ਦੇ ਸਮੁਦਾਵਾਂ ਵਿਚ ਚੰਗੀਆਂ ਨੌਕਰੀਆਂ ਦਾ ਸਮਰਥਨ ਕਰ ਰਹੀ ਹੈ। ਉੱਚੀ ਗੁਣਵੱਤਾ ਵਾਲੀ ਕਾਲਜ ਅਤੇ ਯੂਨੀਵਰਸਿਟੀ ਸਿੱਖਿਆ ਦਾ ਵਿਸਤਾਰ ਕਰਕੇ ਇਹ ਯੋਜਨਾ ਲੋਕਾਂ ਦੀਆਂ ਯੋਗਤਾਵਾਂ ਅਤੇ ਮਹਾਰਤਾਂ ਵਿਚ, ਅਤੇ ਭਵਿੱਖ ਦੇ ਰੁਜ਼ਗਾਰਾਂ ਦੀ ਸਿਰਜਣਾ ਅਤੇ ਪ੍ਰਾਪਤੀ ਵਿਚ ਉਹਨਾਂ ਦੀ ਯੋਗਤਾ ਵਿਚ ਨਿਵੇਸ਼ ਕਰ ਰਹੀ ਹੈ। ਇਹ ਯੋਜਨਾ ਸਾਰੇ ਓਨਟਾਰੀਓ ਵਾਸੀਆਂ ਲਈ ਸੁਰੱਖਿਅਤ ਰਿਟਾਇਰਮੈਂਟ ਵਿਚ ਵੀ ਮਦਦ ਕਰੇਗੀ।"

— Charles Sousa, ਵਿੱਤ ਮੰਤਰੀ

## ਸਜੀਵ ਤੱਥ

- 2015 ਵਿਚ ਓਨਟਾਰੀਓ ਦੇ ਅਸਲੀ GDP ਵਿਚ 2.5 ਪ੍ਰਤਿਸ਼ਤ ਵਾਧਾ ਹੋਇਆ, ਜੋ ਕੌਮੀ ਔਸਤ ਤੋਂ ਵੱਧ ਸੀ।
- ਸੂਬੇ ਦੀ ਯੋਜਨਾ ਹੈ ਕਿ ਜ਼ਰੂਰੀ ਬੁਨਿਆਦੀ ਢਾਂਚੇ ਦੀ ਉਸਾਰੀ ਜਾਰੀ ਰੱਖਣ ਲਈ ਹਸਪਤਾਲਾਂ ਨੂੰ 10 ਸਾਲਾਂ ਦੌਰਾਨ $12 ਬਿਲੀਅਨ ਦੀ ਰਕਮ ਕੈਪੀਟਲ ਗਰਾਂਟਾਂ ਵਜੋਂ ਦਿੱਤਾ ਜਾਏ। ਪੂਰੇ ਸੂਬੇ ਵਿਚ ਤਕਰੀਬਨ 35 ਵੱਡੇ ਹਸਪਤਾਲਾਂ ਦੀ ਉਸਾਰੀ ਜਾਂ ਵੱਖ ਵੱਖ ਪੱਧਰਾਂ ਤੇ ਯੋਜਨਾਬੰਦੀ ਚਲ ਰਹੇ ਹਨ।
- 10 ਸਾਲਾਂ ਦੇ ਅਰਸੇ ਵਿਚ ਸੈਕੰਡਰੀ-ਬਾਅਦ ਦੀਆਂ ਸੰਸਥਾਵਾਂ ਲਈ ਸੂਬਾ $3 ਬਿਲੀਅਨ ਕੈਪੀਟਲ ਗਰਾਂਟਾਂ ਦੇ ਰੂਪ ਵਿਚ ਮੁਹੱਈਆ ਕਰੇਗਾ ਤਾਂ ਜੋ ਵਿਦਿਆਰਥੀਆਂ ਨੂੰ ਘਰ ਦੇ ਨੇੜੇ ਉੱਚੇ ਦਰਜੇ ਦੇ ਪ੍ਰੋਗਰਾਮ ਉਪਲਬਧ ਹੋਣ ਅਤੇ ਜ਼ਿਆਦਾ ਮਜ਼ਬੂਤ ਅਰਥ ਵਿਵਸਥਾ ਦੀ ਉਸਾਰੀ ਵਿਚ ਯੋਗਦਾਨ ਕੀਤਾ ਜਾ ਸਕੇ।
- ਉੱਚ ਸਿੱਖਿਆ ਪ੍ਰਾਪਤ ਕਰਮਚਾਰੀ ਓਨਟਰੀਓ ਦੀਆਂ ਸਭ ਤੋਂ ਵੱਡੀਆਂ ਸ਼ਕਤੀਆਂ ਵਿਚੋਂ ਇੱਕ ਹਨ। 2014 ਵਿਚ ਓਨਟਾਰੀਓ ਵਿਚ 66 ਪ੍ਰਤੀਸ਼ਤ ਬਾਲਗਾਂ ਕੋਲ ਸੈਕੰਡਰੀ-ਬਾਅਦ ਦੀ ਸਿੱਖਿਆ ਸੀ ਜਦ ਕਿ 2002 ਵਿਚ ਇਹਨਾਂ ਦੀ ਸੰਖਿਆ 56 ਪ੍ਰਤੀਸ਼ਤ ਸੀ। ਆਰਥਿਕ ਸਹਿਯੋਗ ਅਤੇ ਵਿਕਾਸ ਸੰਸਥਾ (Organisation for Economic Co-operation and Development) ਵਿਚਲੇ ਕਿਸੇ ਵੀ ਦੇਸ਼ ਲਈ ਇਹ ਦਰਾਂ ਸਭ ਤੋਂ ਉੱਚੀਆਂ ਹਨ।
- *2016 ਓਨਟਾਰੀਓ ਬਜਟ* ਲਈ ਜਨਤਾ ਦੇ ਸੁਝਾਅ ਪ੍ਰਾਪਤ ਕਰਨ ਲਈ ਸਰਕਾਰ ਨੇ ਪੂਰੇ ਸੂਬੇ ਵਿਚ ਬਜਟ-ਪੂਰਵ ਸਲਾਹ ਮਸ਼ਵਰੇ ਦਾ ਪ੍ਰਬੰਧ ਕੀਤਾ ਸੀ। ਇਸ ਵਿਚ 13 ਸ਼ਹਿਰਾਂ ਵਿਚ 700 ਲੋਕਾਂ ਦੀ ਨਿੱਜੀ ਮੌਜੂਦਗੀ ਵਾਲੇ 20 ਪ੍ਰੀ-ਬਜਟ ਸੈਸ਼ਨ ਅਤੇ ਦੋ ਟੈਲੀਫੋਨ ਟਾਉਨ ਹਾਲ ਸ਼ਾਮਲ ਸਨ ਜਿਨ੍ਹਾਂ ਵਿਚ 52,000 ਓਨਟਾਰੀਓ ਵਾਸੀਆਂ ਕੋਲ ਪਹੁੰਚਿਆ ਗਿਆ, 500 ਲਿਖਤੀ ਮਸ਼ਵਰੇ ਪ੍ਰਾਪਤ ਹੋਏ ਅਤੇ *ਬਜਟ ਟਾਕ* (Budget Talks) ਵੈਬਸਾਈਟ ਰਾਹੀਂ 6500 ਤੋਂ ਵੱਧ ਵਰਤੋਂਕਾਰਾਂ ਨਾਲ ਔਨਲਾਈਨ ਸਲਾਹ ਮਸ਼ਵਰਾ ਕੀਤਾ ਗਿਆ।

## ਵਾਧੂ ਵਸੀਲੇ

- *2016 ਓਨਟਾਰੀਓ ਬਜਟ ਪੜ੍ਹੋ*
- ਬਜਟ ਭਾਸ਼ਣ ਪੜ੍ਹੋ
- *2016 ਓਨਟਾਰੀਓ ਬਜਟ* ਦੀ ਪਿੱਠਭੂਮੀ ਬਾਰੇ ਜਾਣਕਾਰੀ ਪੜ੍ਹੋ:
  - ਸੈਕੰਡਰੀ-ਬਾਅਦ ਸਿੱਖਿਆ ਦੀ ਉਪਲਬਧਤਾ ਵਧਾਉਣਾ
  - ਕੱਲ੍ਹ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਅੱਜ
  - ਅਰਥ ਵਿਵਸਥਾ ਦਾ ਵਾਧਾ ਅਤੇ ਭਵਿੱਖ ਲਈ ਰੁਜ਼ਗਾਰ ਦੀ ਉਸਾਰੀ
  - ਘੱਟ ਕਾਰਬਨ ਵਾਲੀ ਅਰਥ ਵਿਵਸਥਾ ਵਿਚ ਨਿਵੇਸ਼
  - ਰੋਜ਼ਾਨਾ ਜੀਵਨ ਆਸਾਨ ਬਣਾਉਣਾ
  - ਓਨਟਾਰੀਓ ਦੀ ਅਰਥ ਵਿਵਸਥਾ ਤੇ ਇੱਕ ਨਜ਼ਰ
  - ਉਨਟਾਰੀਓ ਦੀ ਮਾਲੀ ਤਸਵੀਰ
  - ਸਿਹਤ ਦੇਖਭਾਲ ਵਿਚ ਤਬਦੀਲੀਆਂ
  - ਬਿਜਲੀ ਦੇ ਖਰਚੇ ਦੇ ਪ੍ਰਬੰਧ ਵਿਚ ਮਦਦ